# ਭਜੁ ਗੁਰਮਤਿ ਹਰਿ ਰਾਮ ਰਾਮ

## ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ

## ੴ ਸਤਿ ਗੁਰ ਪ੍ਰਸਾਦਿ

ਇਹ ਸ਼ਬਦ, ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਬੈਰਾੜੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੭੧੯ ਤੇ ਸੁਭਾਇਮਾਨ ਹੈ। ਇਸ ਨੂੰ ਪਹਿਲੇ ਘਰ ਵਿਚ ਗਾਇਨ ਕਰਣ ਦੀ ਹਦਾਇਤ ਕੀਤੀ ਗਈ ਹੈ। ਦੋ ਪਦਿਆਂ ਦਾ ਹੋਣ ਕਰਕੇ ਇਸਦੇ ਸਿਰਲੇਖ ਵਿਚ 'ਦੁਪਦੇ' ਅੰਕਤ ਹੈ। ਇਸ ਤੋਂ ਬਾਅਦ ਮੰਗਲਾਚਰਣ ਦਾ ਸੰਖਿਪਤ ਸਰੂਪ ਦਰਜ ਹੈ।

**ਸੁਨਿ ਮਨ ਅਕਥ ਕਥਾ ਹਰਿ ਨਾਮ।।**

**ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ।।੧।।ਰਹਾਉ।।**

-- ਇਸ ਸ਼ਬਦ ਵਿਚ, ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਉਸ ਪ੍ਰਭੂ ਦੀ ਇਤਨੀ ਵਡੀ ਮਹਿਮਾ ਹੈ ਕਿ ਬਿਆਨ ਕਰਣ ਦੀ ਹੱਦ ਤੋਂ ਬਾਹਰ ਹੈ ਅਤੇ ਉਸ ਦੀ ਕਿਰਪਾ ਤੋਂ ਬਿਨਾਂ, ਬਿਲਕੁਲ ਵੀ ਜਾਣੀ ਨਹੀਂ ਜਾ ਸਕਦੀ। ਉਸ ਨੂੰ ਆਪਣੇ ਮਨ ਵਿਚ ਸੁਣਨ ਲਈ ਹਰੀ ਪ੍ਰਭੂ ਦਾ ਨਾਮ ਸਿਮਰ।

ਪਾਤਸ਼ਾਹ, ੯੭੭ ਪੰਨੇ ਤੇ, ਖੋਹਲ ਕੇ ਦਸਦੇ ਹਨ ਕਿ ਜਿਸਨੇ ਵਾਹਗੁਰੂ ਦੀ ਅਕਥ ਕਥਾ ਦਾ ਰਸ ਚਖ ਲਿਆ, ਉਸ ਦੀਆਂ ਹੋਰ ਸਾਰੀਆਂ ਭੁੱਖਾਂ ਲਹਿ ਜਾਂਦੀਆਂ ਹਨ, ਉਸ ਹਰੀ ਦੀ ਅਕਥ ਕਥਾ ਸੁਣ ਕੇ, ਤ੍ਰਿਪਤੀ ਪ੍ਰਾਪਤ ਕਰਣ ਤੋਂ ਬਾਅਦ ਮਨੁਖ, ਵਾਹਗੁਰੂ ਵਾਹਗੁਰੂ... ਜਪ ਕੇ ਵਾਹਗੁਰੂ ਦਾ ਰੂਪ ਹੀ ਹੋ ਜਾਂਦੇ ਹਨ - 'ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ।। ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ।।'

ਬਾਣੀ ਵਿਚ 'ਅਕਥ ਕਥਾ' ਦੇ ਅਨੇਕਾਂ ਹਵਾਲੇ ਆਏ ਹਨ। ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੨੦੫ ਤੇ ਉਪਦੇਸ਼ ਕਰਦੇ ਹਨ ਕਿ ਜਿਸ ਮਨੁਖ ਨੂੰ, ਪ੍ਰਭੂ ਆਪ ਜਗਾ ਕੇ, ਵਾਹਗੁਰੂ ਦੇ ਨਾਮ ਦਾ ਰਸ ਚਖਾ ਦਿੰਦਾ ਹੈ, ਉਹ ਵਾਹਗੁਰੂ ਦੀ

ਅਕਥ ਕਥਾ ਨੂੰ ਜਾਣ ਲੈਂਦਾ ਹੈ - 'ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ।।' ਇਸ ਦੇ ਸਚ ਦਾ, ਸ਼ਬਦਾਂ ਵਿਚ ਬਿਆਨ ਕਰ ਕੇ ਸਮਝ ਦੇਣੀ ਜਾਂ ਲੈਣੀ 'ਕਰੜਾ ਸਾਰ' ਹੈ। ਇਹ ਅਸਲ ਵਿਚ ਅਨੁਭਵ ਦਾ ਖੇਤਰ ਹੈ।

-- ਜਿਹੜੇ ਗੁਰੂ ਦੀ ਮਤ ਦੇ ਅਨੁਸਾਰੀ ਹੋ ਕੇ ਵਾਹਗੁਰੂ ਵਾਹਗੁਰੂ... ਕਰ ਕੇ ਹਰੀ ਦਾ ਨਾਮ ਜਪਦੇ ਹਨ, ਉਨ੍ਹਾਂ ਨੂੰ ਸਾਰੀਆਂ ਰਿਧੀਆਂ, ਅਠਾਰਹ ਸਿਧੀਆਂ ਦੀ ਪ੍ਰਾਪਤੀ ਅਤੇ ਬੁਧਿ ਦਾ ਪਰਗਾਸ ਹੋ ਜਾਂਦਾ ਹੈ।੧।ਰਹਾਉ।

ਨਾਮ ਸਿਮਰਣ ਕਰਣ ਨਾਲ, ਕਿਸੇ ਅਵੱਸਥਾ ਤੇ ਪੁਜ ਕੇ, ਰਿਧੀਆਂ ਸਿਧੀਆਂ ਨਿਧੀਆਂ ਅਤੇ ਅੰਤਰੀਵ ਬੁਧਿ ਦੀ ਪ੍ਰਾਪਤੀ, ਸੁਤੇ ਸਿਧ ਹੀ ਹੋ ਜਾਂਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਗੁਰੂ ਨਾਲ ਪ੍ਰੇਮ, ਨਾਮ ਜਪਣ ਅਤੇ ਸਾਧੂ ਦੀ ਸੰਗਤਿ ਕਰਣ ਨਾਲ, ਅਧਿਆਤਮਕ ਸੂਝ, ਬੁਧਿ, ਸੁਰਤਿ ਦੀ ਪ੍ਰਾਪਤੀ ਹੋ ਜਾਂਦੀ ਹੈ - 'ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ।।', ਪੰਨਾ ੧੨੫੬.

ਇਸੇ ਪ੍ਰਥਾਇੰ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ - 'ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।।', ਪੰਨਾ ੬੪੯. ਸੁਖਮਨੀ ਸਾਹਿਬ ਵਿਚ, ਸ੍ਰੀ ਗੁਰੂ ਅਰਜਨ ਸਾਹਿਬ ਵੀ ਬਚਨ ਕਰਦੇ ਹਨ ਕਿ ਪ੍ਰਭੂ ਦੇ ਸਿਮਰਣ ਨਾਲ ਇਹ ਸਾਰੀਆਂ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ - 'ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ।।' ਸੁਖਮਨੀ ਸਾਹਿਬ ਵਿਚ ਸਿਮਰਨ ਰਾਹੀਂ, ਹਰਿ ਤਰ੍ਹਾਂ ਨਾਲ ਗਿਆਨ ਧਿਆਨ ਅਤੇ ਬੁਧਿ ਦੀ ਪ੍ਰਾਪਤੀ ਹੁੰਦੀ ਦਸੀ ਗਈ ਹੈ - 'ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ।।' ਜਿਨ੍ਹਾਂ ਨੇ ਨਾਮ ਜਪ ਕੇ, ਆਤਮ ਦਾ ਕਿਲਾ ਫ਼ਤਹਿ ਕਰ ਲਿਆ ਹੈ, ਉਸ ਨੂੰ ਸਾਰੀਆਂ ਰਿਧੀਆਂ ਸਿਧੀਆਂ ਨਿਧੀਆਂ ਮਿਲ ਜਾਂਦੀਆਂ ਹਨ - 'ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ।।', ਪੰਨਾ ੫੪੩.

ਅਜੋਕੀ ਵਿਦਿਆ ਪ੍ਰਾਪਤ, ਮਨੁਖ ਬੰਦਗੀ ਅਤੇ ਅਨੁਭਵ ਨਾ ਹੋਣ ਕਰ ਕੇ, ਇਨ੍ਹਾਂ ਸ਼ਕਤੀਆਂ ਨੂੰ ਨਹੀਂ ਮੰਨਦੇ ਪਰ ਬਾਣੀ ਵਿਚ ਇਸ ਬਾਰੇ ਅਨੇਕਾਂ ਫ਼ੁਰਮਾਣ ਆਏ ਹਨ। ਇਹ ਬੁਧੀ ਅਤੇ ਬੌਧਕ ਤਰਕ ਦਾ ਵਿਸ਼ਾ ਨਹੀਂ।

**ਨਾਨਾ ਖਿਆਨ ਪੁਰਾਨ ਜਸੁ ਊਤਮ ਖਟ ਦਰਸਨ ਗਾਵਹਿ ਰਾਮ।।**

## ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ॥੧॥

-- ਕਈ ਧਰਮ ਗ੍ਰੰਥਾਂ, ਪੁਰਾਣਾਂ ਦੇ ਕਈ ਪ੍ਰਸੰਗ, ਸਾਰੇ ਪੁਰਾਣ, ਛੇ ਦੇ ਛੇ ਦਰਸ਼ਨ, ਸ਼ਾਸਤਰ, ਇਹ ਸਾਰੇ, ਵਾਹਗੁਰੂ ਦਾ ਉਤਮ ਜੱਸ ਗਾ ਰਹੇ ਹਨ, ਉਸ ਦੀ ਅਕਥ ਕਥਾ ਕਰਣ ਦੇ ਵਿਚ ਜਤਨਸ਼ੀਲ ਹਨ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੮੯੪ ਤੇ, ਅਸਲੀਅਤ ਬਖਾਨ ਕਰਦੇ ਹਨ ਕਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਹੈ, ਉਸ ਦਾ ਭੇਦ ਬ੍ਰਹਮਾ, ਕੋਈ ਵੇਦ ਆਦਿਕ ਧਰਮ ਗ੍ਰੰਥ, ਕੋਈ ਅਵਤਾਰ ਨਹੀਂ ਜਾਣਦਾ - 'ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥ ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤ॥'

ਭਗਤ ਰਵਿਦਾਸ ਜੀ ਨੇ ਤਾਂ, ਭਗਤ ਕਬੀਰ ਜੀ ਦੀ ਬਾਣੀ 'ਬਾਵਨ ਅਖਰੀ' ਵਾਂਗ ਬਚਨ ਕੀਤੇ ਹਨ ਕਿ ਸਾਰੇ ਦੇ ਸਾਰੇ ਪੁਰਾਣਾਂ ਦੇ ਪ੍ਰਸੰਗ, ਸਾਰੇ ਵੇਦ, ਉਨ੍ਹਾਂ ਦੀਆਂ ਦਸੀਆਂ ਵਿਧੀਆਂ, ਚੌਂਤੀ ਅਖਰਾਂ ਵਿਚ ਹੀ ਸੀਮਤ ਹਨ। ਰਿਖੀ ਵਿਆਸ ਨੇ ਤਾਂ ਤੱਤ ਦੀ, ਪਰਮਾਰਥ ਦੀ ਗਲ ਕਰ ਦਿਤੀ ਹੈ ਕਿ ਰਾਮ, ਪ੍ਰਭੂ ਦੇ ਨਾਮ ਸਿਮਰਨ ਦੇ ਤੁਲ, ਕਿਸੇ ਵੀ ਗ੍ਰੰਥ ਦਾ ਪਾਠ ਪਠਨ ਨਹੀਂ - 'ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥ ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥', ਪੰਨਾ ੬੫੮ ਅਤੇ ੧੧੦੬.

ਸਾਰੀ ਗੁਰਬਾਣੀ ਫ਼ੁਰਮਾਣ ਕਰਦੀ ਹੈ ਕਿ ਹਰੀ ਦਾ ਜੱਸ, ਭੇਦ, ਕਦੇ ਵੀ, ਕਿਸੇ ਵੀ ਹਾਲਤ ਵਿਚ ਲਿਖਿਆ ਨਹੀਂ ਜਾ ਸਕਦਾ। ਭਗਤ ਕਬੀਰ ਜੀ ਨੇ ਤਾਂ ਗਲ ਹੀ ਮੁਕਾ ਦਿਤੀ ਕਿ ਭਾਵੇਂ ਸੱਤਾਂ ਸਮੁੰਦਰਾਂ ਦੇ ਪਾਣੀ ਨੂੰ ਸਿਆਹੀ ਬਣਾ ਲਿਆ ਜਾਏ, ਸਾਰੀ ਬਨਸਪਤੀ ਨੂੰ ਕਲਮ ਬਣਾ ਲਿਆ ਜਾਏ, ਸਾਰੀ ਧਰਤੀ ਨੂੰ ਕਾਗ਼ਜ਼ ਬਣਾ ਲਿਆ ਜਾਏ ਤਾਂ ਵੀ ਹਰੀ ਦਾ ਜੱਸ ਲਿਖਿਆ ਨਹੀਂ ਜਾ ਸਕਦਾ - 'ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥', ਪੰਨਾ ੧੩੬੮. ਬਾਵਨ ਅਖਰੀ ਵਿਚ ਫ਼ੁਰਮਾਣ ਕਰਦੇ ਹਨ ਕਿ ਕਿਸੇ ਤਰ੍ਹਾਂ ਦੀ ਭਾਸ਼ਾ, ਅਖਰਾਂ ਵਿਚ, ਉਸ ਅਬਿਨਾਸੀ ਪੁਰਖ ਦੇ ਭੇਦ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ - 'ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥', ਪੰਨਾ ੩੪੩.

-- ਸ਼ਿਵ, ਸ਼ੰਕਰ ਅਤੇ ਤੇਤੀ ਕਰੋੜ ਦੇਵਤੇ, ਉਸ ਪ੍ਰਭੂ ਨੂੰ ਧਿਆਉਂਦੇ

ਤਾਂ ਹਨ, ਪਰ ਕੋਈ ਦੇਵਤਾ, ਕੋਈ ਸ਼ਿਵ ਸ਼ੰਕਰ, ਕੋਈ ਗ੍ਰੰਥ, ਕੋਈ ਪ੍ਰਸੰਗ, ਉਸ ਵਾਹਿਗੁਰੂ ਦਾ ਭੇਦ ਨਹੀਂ ਪਾਉਂਦਾ। ਉਨ੍ਹਾਂ ਵਿਚੋਂ ਕਿਸੇ ਦੀ ਇਤਨੀ ਸਮਰੱਥਾ ਨਹੀਂ।੧।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੮੯੪ ਤੇ, ਜ਼ਾਹਰ ਕਰਦੇ ਹਨ ਕਿ ਨਾ ਸ਼ੰਕਰ, ਨਾ ਦੇਵੀਆਂ, ਨਾ ਦੇਵਤੇ, ਉਸ ਅਲੱਖ ਪਾਰਬ੍ਰਹਮ ਦਾ ਭੇਦ ਨਹੀਂ ਜਾਣ ਸਕਦੇ - 'ਸੰਕਰਾ ਨਹੀ ਜਾਨਹਿ ਭੇਵ।। ਖੋਜਤ ਹਾਰੇ ਦੇਵ।। ਦੇਵੀਆ ਨਹੀ ਜਾਨੈ ਮਰਮ।। ਸਭ ਊਪਰਿ ਅਲਖ ਪਾਰਬ੍ਰਹਮ।।'

**ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ।।**

**ਨਾਨਕ ਕ੍ਰਿਪਾ ਕਰੀ ਹਰਿ ਜਿਨ ਕਉ ਤੇ ਸੰਤ ਭਲੇ ਹਰਿ ਰਾਮ।।੨।।੧।।**

-- ਸਾਰੇ ਦੇਵਤੇ, ਮਨੁਖ, ਸ਼ਿਵ ਦੇ ਸੇਵਕ, ਦੇਵ ਲੋਕ ਦੇ ਰਾਗ ਗਾਉਣ ਵਾਲੇ, ਹੋਰ ਜਿਤਨੇ ਵੀ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਹਨ, ਸਾਰੇ ਵਾਹਿਗੁਰੂ ਦਾ ਜੱਸ ਗਾ ਰਹੇ ਹਨ, ਸਿਫ਼ਤ ਸਲਾਹ ਕਰ ਰਹੇ ਹਨ।

ਪਾਤਸ਼ਾਹ ਨੇ, ਪੰਨਾ ੯੯੫ ਤੇ ਵੀ ਬਚਨ ਕੀਤੇ ਹਨ ਕਿ ਵਿਚਾਰੇ ਸਭ ਦੇਵ, ਮਨੁਖ, ਗਣ, ਗੰਧਰਬ, ਧਰਮ ਰਾਜ, ਹਰੀ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹਨ। ਸ਼ੰਕਰ, ਬ੍ਰਹਮਾ, ਦੇਵੀਆਂ ਹਰਿ ਹਰਿ ਦਾ ਜਾਪ ਜਪਦੇ ਹਨ। ਤੇਤੀ ਕਰੋੜ ਦੇਵਤੇ ਵੀ ਬੇਸ਼ਕ ਉਸਨੂੰ ਧਿਆਉਂਦੇ ਹਨ ਪਰ ਇਨ੍ਹਾਂ ਵਿਚੋਂ ਕਿਸੇ ਨੇ ਵੀ, ਉਸ ਪ੍ਰਭੂ ਦਾ ਅੰਤ ਨਹੀਂ ਪਾਇਆ - 'ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ।। ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ।।..ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ।।'

-- ਚੌਥੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਬੇਸ਼ਕ ਸਾਰੇ ਉਸ ਪਰਮੇਸ਼ਰ ਦੇ ਗੁਣ ਗਾ ਰਹੇ ਹਨ ਪਰ ਜਿਨ੍ਹਾਂ ਤੇ ਵਾਹਗੁਰੂ ਨੇ ਕਿਰਪਾ ਕੀਤੀ ਹੈ, ਉਹੀ ਸੰਤ ਹਨ ਅਤੇ ਉਸ ਰਾਮ ਪ੍ਰਭੂ ਦੀ ਨਿਗਾਹ ਵਿਚ ਭਲੇ ਹਨ, ਸ੍ਰੇਸ਼ਟ ਹਨ।

ਸ੍ਰੀ ਗੁਰੂ ਅਮਰਦਾਸ ਸਾਹਿਬ, 'ਅਨੰਦੁ' ਬਾਣੀ ਵਿਚ ਦਸਦੇ ਹਨ ਕਿ ਰਾਗਾਂ ਦੇ ਰਤਨ, ਆਪਣੇ ਪਰਿਵਾਰ ਸਮੇਤ ਅਤੇ ਪਰੀਆਂ ਆਦਿ, ਪ੍ਰਭੂ ਦੀ ਸਿਫ਼ਤ ਸਲਾਹ ਕਰਦੀਆਂ ਹਨ- 'ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।।'

ਚੌਥੇ ਨਾਨਕ ਦੇ ਬਚਨ ਹਨ ਕਿ ਜਿਸ ਜਨ ਤੇ ਪ੍ਰਭੂ ਸੁਆਮੀ ਦਇਆਲ ਹੋ ਜਾਂਦਾ ਹੈ, ਉਹੀ ਸੰਤ ਹੈ, ਭਗਤ ਹੈ - 'ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ।।', ਪੰਨਾ ੬੮੦. ਪੰਚਮ ਪਾਤਸ਼ਾਹ ਫ਼ਿਰ, ਪੰਨਾ ੮੬੭ ਤੇ ਫ਼ੁਰਮਾਣ ਕਰਦੇ ਹਨ ਕਿ ਉਹੀ ਸਮਰੱਥ ਸੰਤ ਹਨ ਜੋ ਪਰਮੇਸ਼ਰ ਨੂੰ ਭਾਅ ਜਾਂਦੇ ਹਨ ਅਤੇ ਉਹ ਪਰਮੇਸ਼ਰ ਦਾ ਹੀ ਰੂਪ ਹੁੰਦੇ ਹਨ, ਉਹੀ ਪ੍ਰਭੂ ਨੂੰ ਜਾਣਦੇ ਹਨ ਅਤੇ ਉਨ੍ਹਾਂ ਦੇ ਵੀ ਪ੍ਰਭੂ ਵਾਲੇ ਹੀ ਕੰਮ ਹੁੰਦੇ ਹਨ - 'ਸੋਈ ਸੰਤੁ ਜਿ ਭਾਵੈ ਰਾਮ।। ਸੰਤ ਗੋਬਿੰਦ ਕੈ ਏਕੈ ਕਾਮ।।' ਸਾਧੂ ਸੰਤ ਉਹੀ ਹੈ, ਜਿਸ ਨੂੰ ਪ੍ਰਭੂ ਆਪ ਮੰਨ ਲੈਂਦਾ ਹੈ, ਉਹੀ ਤੈਨੂੰ, ਵਾਹਿਗੁਰੂ ਨੂੰ ਪਛਾਣਦਾ ਹੈ - 'ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ।। ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ।।', ਪੰਨਾ ੯੨੫. ਸ੍ਰੀ ਗੁਰੂ ਰਾਮਦਾਸ ਸਾਹਿਬ ਅਨੁਸਾਰ ਧੰਨ ਹਨ ਧੰਨ ਹਨ ਅਜਿਹੇ ਸੰਤ ਸਾਧੂ ਜੋ ਹਰੀ ਪ੍ਰਭੂ ਕਰਤੇ ਨੂੰ ਭਾਉਂਦਾ ਹੈ - 'ਸੋ ਧੰਨੁ ਧਨੁ ਸੰਤੁ ਸਾਧੂ ਜੋ ਹਰਿ ਪਭ ਕਰਤੇ ਭਾਵਏ।।', ਪੰਨਾ ੧੧੧੫.



19.9.2020